# ਨਾ ਹਮ ਹਿੰਦੂ ਨ ਮੁਸਲਮਾਨ

**ਭੈਰਉ ਮਹਲਾ ੫ ॥**
**ਵਰਤ ਨ ਰਹਉ ਨ ਮਹ ਰਮਦਾਨਾ॥**
**ਤਿਸੁ ਸੇਵੀ ਜੋ ਰਖੈ ਨਿਦਾਨਾ॥**

ਸ੍ਰੀ ਗੁਰੂ ਅਰਜਨ ਸਾਹਿਬ ਜੀ, ੧੧੩੬ ਅੰਕ ਤੇ, ਭੈਰਉ ਰਾਗ ਵਿਚ, ਅਜ ਦੇ ਸਮੇਂ ਦੇ ਹਿਸਾਬ ਨਾਲ, ਬਹੁਤ ਅਹਿਮ ਫ਼ੈਸਲਾ ਸੁਣਾਉਂਦੇ ਹੋਏ ਫ਼ੁਰਮਾਣ ਕਰਦੇ ਹਨ ਕਿ

- - ਮੈਂ ਨਾ ਹਿੰਦੂ ਹਾਂ ਨਾ ਮੁਸਲਮਾਨ, ਕਿਉਂਕਿ ਨਾ ਮੈਂ ਵਰਤ ਰਖਦਾ ਹਾਂ, ਜੋ ਕਿ ਹਿੰਦੂ ਰੀਤ ਹੈ, ਨਾ ਹੀ ਰਮਜ਼ਾਨ ਦੇ ਮਹੀਨੇ ਦੌਰਾਨ ਰੋਜ਼ੇ ਰਖਦਾ ਹਾਂ ਜੋ ਇਸਲਾਮ ਦੀਆਂ ਪੰਜ ਥੰਮੀਆਂ ਵਿਚੋਂ ਇਕ ਹੈ। ਇਸਲਾਮ ਦੀਆਂ ਪੰਜ ਥੰਮੀਆਂ - **ਕਲਮਾ**, **ਸਲਾਤ** (ਨਮਾਜ਼), **ਰੋਜ਼ਾ**, **ਜ਼ਕਾਤ** ਅਤੇ **ਹਜ** ਹਨ।

ਹਿੰਦੂਆਂ ਦੇ ਵਿਚ ਕਈ ਮੌਕਿਆਂ ਦੇ ਵਰਤ ਰਖੇ ਜਾਂਦੇ ਹਨ ਜਿਵੇਂ ਕਰਵਾ ਦਾ ਵਰਤ, ਸੰਤੋਸ਼ੀ ਦਾ ਤੇ ਹੋਰ ਦਿਨਾਂ/ਵਾਰਾਂ ਆਦਿ ਦੇ ਵਰਤ। ਵਰਤ ਬਾਰੇ ਸ੍ਰੀ ਗੁਰੂ ਨਾਨਕ ਪਾਤਸ਼ਾਹ, ਆਸਾ ਕੀ ਵਾਰ ਵਿਚ, ੪੭੩ ਅੰਕ ਤੇ, ਉਚਾਰਣ ਕੀਤਾ ਹੈ ਕਿ ਜੋ ਮਨੁਖ ਅੰਨ ਨਹੀਂ ਖਾਂਦਾ ਉਹ (ਸਿਮਰਨ ਦਾ) ਸਵਾਦ ਵੀ ਗਵਾ ਲੈਂਦਾ ਹੈ ਅਤੇ ਗੁਰੂ ਦੀ ਦਿਤੀ ਮਤ ਨੂੰ ਛਡ ਕੇ ਹੋਰਨਾਂ ਨਾਲ ਪ੍ਰੀਤ ਲਗਾਉਂਦਾ ਹੈ, ਫ਼ਲ ਸਰੂਪ, ਦੁਖ ਪਾਉਂਦਾ ਹੈ - 'ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥' ਇਹ ਵੀ ਬਚਨ ਕੀਤੇ ਹਨ ਕਿ ਖਾਣ ਪੀਣ ਪਵਿਤਰ ਕੰਮ ਹੈ ਕਿਉਂਕਿ ਪਰਮੇਸ਼ਰ ਨੇ ਆਪ ਸਭ ਜੀਵਾਂ ਨੂੰ ਰਿਜ਼ਕ ਬਖ਼ਸ਼ਿਆ ਹੈ - 'ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥' ਭਗਤ ਕਬੀਰ ਜੀ ਤਾਂ ਬੜੇ ਕਰੜੇ ਸ਼ਬਦਾਂ ਵਿਚ, ਅੰਨ ਦਾ ਤਿਆਗ ਕਰਨ ਨੂੰ ਪਖੰਡ ਦਸਦੇ ਹਨ। ਆਪ ਜੀ ਦਾ, ਅੰਕ ੮੭੩ ਤੇ, ਫ਼ੁਰਮਾਣ ਹੈ ਕਿ ਜੋ ਨਰ ਅੰਨ ਦਾ ਤਿਆਗ ਕਰਦਾ ਹੈ, ਉਹ ਤਿੰਨੇ ਲੋਕਾਂ ਵਿਚ ਆਪਣੀ ਪੱਤ ਗੁਆ ਲੈਂਦਾ ਹੈ - 'ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥' ਅਤੇ ਅੰਨ ਦਾ ਤਿਆਗ ਕਰਣ ਨਾਲ ਗੋਪਾਲ ਪ੍ਰਭੂ ਨਹੀਂ ਮਿਲਦਾ - 'ਤਜਿਐ ਅੰਨਿ ਨ ਮਿਲੈ ਗੁਪਾਲੁ॥' ਇਹ ਪੂਰਾ ਸ਼ਬਦ ਹੀ ਵਰਤ ਰਖਣ ਤੇ ਅੰਨ ਦੇ ਤਿਆਗ ਦੀ ਨਿਖੇਧੀ ਕਰਦਾ ਹੈ। ਕਰਵਾ ਦੇ ਵਰਤ ਸਬੰਧੀ ਫ਼ੁਰਮਾਣ ਕਰਦੇ ਹਨ ਕਿ ਜੋ ਇਸਤਰੀ ਅੰਨ ਦਾ ਤਿਆਗ ਕਰਦੀ ਹੈ ਉਹ ਪਖੰਡ ਕਰਦੀ ਹੈ, ਉਹ ਨਾ ਸੁਹਾਗਣ ਰਹਿ ਜਾਂਦੀ ਹੈ ਨਾ ਹੀ ਰੰਡੀ - 'ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥'

- - ਮੈਂ ਤਾਂ ਸਿਰਫ਼ ਉਸ ਅਕਾਲ ਪੁਰਖ ਦੀ ਅਰਾਧਨਾ, ਭਾਵ ਸਿਮਰਨ ਕਰਦਾ ਹਾਂ ਜਿਸ ਨੇ ਓੜਕ ਤਕ ਸਾਥ ਨਿਭਾਉਣਾ ਹੈ।੧।

ਭਾਵ, ਅਕਾਲ ਦੇ ਸਿਮਰਨ ਤੋਂ ਇਲਾਵਾ ਹੋਰ ਰਸਮਾਂ ਰਿਵਾਜ਼ (ਜਨਮ ਤੋਂ ਮਰਨ ਤਕ) ਰੀਤਾਂ ਅਤੇ ਤਿਉਹਾਰ ਆਦਿ ਗੁਰੂ ਘਰ ਵਿਚ ਪ੍ਰਵਾਨ ਨਹੀਂ, ਜੋ ਹਿੰਦੂਆਂ ਵਿਚ ਪ੍ਰਚਲਤ ਹਨ (ਅਜ ਸਿਖਾਂ ਵਿਚ ਵੀ ਪ੍ਰਚਲਤ ਹੋ ਚੁਕੇ ਹਨ)। ਹਿੰਦੂਆਂ ਵਿਚ ਪ੍ਰਚਲਤ ਸਭ ਤਿਉਹਾਰ ਲੋਹੜੀ, ਹੋਲੀ, ਰਖੜੀ, ਦੁਸਹਿਰਾ, ਦੀਵਾਲੀ, ਤੀਆਂ, ਭਾਈ ਦੂਜ, ਕੰਜਕਾਂ, ਏਕਾਦਸ਼ੀ, ਗਣੇਸ਼ ਚਤੁਰਥੀ, ਸ਼ਿਵਰਾਤਰੀ, ਧਨਤੇਰਸ, ਹਨੂਮਾਨ ਅਤੇ ਹੋਰ ਦੇਵੀ ਦੇਵਤਿਆਂ ਦੇ ਵਰਤ ਆਦਿ ਹੋਰ ਕਈ ਤਿਉਹਾਰ, ਥਿਤਾਂ, ਵਾਰਾਂ, ਦਿਨ ਦਿਹਾਰਾਂ ਨੂੰ ਮਨਾਉਣਾ ਅਤੇ ਇਨ੍ਹਾਂ ਨੂੰ ਮਨਾਉਣ ਦੇ ਢੰਗ, ਇਨ੍ਹਾਂ ਵਿਚੋਂ ਕੋਈ ਵੀ ਗੁਰਮਤਿ ਵਿਚ ਪ੍ਰਵਾਨਤ ਨਹੀਂ। ਗੁਰੂ ਕਾ ਸਿਖ ਸਿਰਫ਼ ਗੁਰਪੁਰਬ, ਹੋਲਾ ਮਹੱਲਾ ਅਤੇ ਵਿਸਾਖੀ (ਖ਼ਾਲਸੇ ਦਾ ਪ੍ਰਗਟ ਦਿਵਸ) ਹੀ ਮਨਾਉਂਦਾ ਹੈ, ਉਹ

ਵੀ ਨਾਮ ਜਪ ਕੇ ਬਾਣੀ ਪੜ੍ਹ ਕੇ, ਗੁਰਸਿਖਾਂ ਅਤੇ ਲੋੜਵੰਦਾਂ ਦੀ ਸੇਵਾ ਕਰਕੇ, ਆਦਿ, ਭਾਉ ਭਗਤੀ ਦੁਆਰਾ, ਜਿਵੇਂ ਭਾਈ ਗੁਰਦਾਸ ਜੀ ਦੇ ਬਚਨ ਹਨ – 'ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥', ਵਾਰ ੧੨:੨. ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ – 'ਥਿਤੀ ਵਾਰ ਸੇਵਹਿ ਮੁਗਧ ਗਵਾਰ॥', ਅੰਕ ੮੪੩. ਸੰਗਰਾਂਦ, ਮਸਿਆ, ਪੂਰਨਮਾਸ਼ੀ, ਅਸ਼ਟਮੀ, ਦਸ਼ਮੀ, ਨਰਾਤੇ, ਸ਼ਰਾਧ, ਗ੍ਰਹਿਣ ਆਦਿ ਥਿਤਾਂ ਵਾਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਅਨੁਸਾਰ ਇਨ੍ਹਾਂ ਨੂੰ ਮੰਨਣਾ/ਮਨਾਉਣਾ ਮੂਰਖ ਅਤੇ ਗੰਵਾਰ ਲੋਕਾਂ ਦਾ ਕੰਮ ਹੈ।

**ਏਕੁ ਗੁਸਾਈ ਅਲਹੁ ਮੇਰਾ॥**
**ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥**

– – ਮੇਰਾ ਤਾਂ ਸਿਰਫ਼ ਇਕ, ਉਹ ਪ੍ਰਭੂ, ਮਾਲਕ ਅਤੇ ਅੱਲ੍ਹਾ ਹੈ ਜਿਸ ਨੂੰ ਹਿੰਦੂ ਗੁਸਾਂਈ ਤੇ ਮੁਸਲਮਾਨ ਅਲ੍ਹਾ ਕਹਿੰਦੇ ਹਨ।

– – ਇਸ ਸੰਦਰਭ ਵਿਚ ਮੈਂ ਹਿੰਦੂਆਂ ਅਤੇ ਮੁਸਲਮਾਨਾਂ, ਦੋਹਾਂ ਤੋਂ ਸਾਂਝ, ਵਖ ਰਖ ਲਈ ਹੈ, ਭਾਵ, ਸਿਧਾਂਤਕ ਅਤੇ ਵਿਵਹਾਰਕ ਤੌਰ ਤੇ ਮੈਂ ਦੋਨਾਂ ਤੋਂ ਵਿਲੱਖਣ ਹਾਂ।੧।ਰਹਾਉ।

ਇਹੀ ਹੈ ਖ਼ਾਲਸੇ ਦਾ ਨਿਆਰਾਪਨ। ਇਹ ਨਿਆਰਾਪਨ ਗੁਰੂ ਨੂੰ ਅਤਿ ਪਿਆਰਾ ਹੈ – 'ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋਂ ਇਨ ਕੀ ਪ੍ਰਤੀਤ॥', ਸਰਬਲੋਹ ਗ੍ਰੰਥ। ਸਪਸ਼ਟ ਹੈ ਕਿ ਗੁਰੂ ਪਾਤਸ਼ਾਹ ਨੂੰ ਬਿਪਰਨ ਦੀ ਰੀਤ, ਪੰਡਤ ਮੁਲਾਣਿਆ ਦੇ ਦਸੇ ਧਰਮ ਕਰਮ ਨਹੀਂ ਭਾਉਂਦੇ। ਗੁਰਬਾਣੀ ਦਾ ਸਪਸ਼ਟ ਫ਼ੁਰਮਾਣ ਹੈ – 'ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥..ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥', ਅੰਕ ੧੧੫੯. ਸਾਰੇ ਹਿੰਦੂ ਤਿਉਹਾਰ, ਸਾਰੇ ਧਰਮ ਕਰਮ ਕਾਂਡ 'ਬਿਪਰਨ ਕੀ ਰੀਤ' ਹੀ ਹਨ। ਸਿਖ ਦਾ ਧਰਮ ਨਾਮ ਜਪਣਾ ਹੈ ਜੋ ਸਾਧੂ ਦੀ ਸੰਗਤਿ ਰਾਹੀਂ ਹੀ ਸੰਭਵ ਹੈ, ਫ਼ਲਦਾਇਕ ਹੈ – 'ਨਾਨਕ ਕੈ ਘਰਿ ਕੇਵਲ ਨਾਮੁ॥', ਅੰਕ ੧੧੩੬. ਅਤੇ – 'ਨਾਮੁ ਨਾਨਕ ਸਾਧੂ ਸੰਗਿ ਮਿਲੈ॥', ਅੰਕ ੨੧੧. ਭਾਈ ਗੁਰਦਾਸ ਜੀ ਆਪਣੀ ੪੧ਵੀਂ ਵਾਰ ਵਿਚ ਇਸ ਪ੍ਰੀਕ੍ਰਿਆ ਨੂੰ ਹਿੰਦੂਆਂ ਮੁਸਲਮਾਨਾਂ ਤੋਂ ਵਖ, ਗੁਰੂ ਸਾਹਿਬਾਨ ਦੁਆਰਾ '**ਤੀਸਰ ਪੰਥ**' ਦੀ ਰਚਨਾ ਮੰਨਦੇ ਹਨ – 'ਇਉਂ ਤੀਸਰ ਪੰਥ ਰਚਾਇਨੁ ਵਡ ਸੂਰ ਗਹੇਲਾ॥', ਪਉੜੀ ੧੬.

**ਹਜ ਕਾਬੈ ਜਾਉ ਨ ਤੀਰਥ ਪੂਜਾ॥**
**ਏਕੋ ਸੇਵੀ ਅਵਰੁ ਨ ਦੂਜਾ॥੨॥**

– – ਇਸੇ ਕਾਰਨ ਕਰਕੇ ਨਾ ਮੈਂ ਮੱਕੇ, ਇਸਲਾਮਕ **ਹਜ** ਕਰਨ ਜਾਂਦਾ ਹਾਂ, ਨਾ ਹੀ ਹਿੰਦੂਆਂ ਦੀ ਸੋਚ ਮੁਤਾਬਕ **ਤੀਰਥ** ਪੂਜਾ ਨੂੰ ਜਾਂਦਾ ਹਾਂ। ਕਿਉਂਕਿ ਇਹ ਦੋਨੋਂ, ਰੱਬੀ ਪ੍ਰਾਪਤੀ ਦੇ ਮਾਰਗ ਦਾ ਹਿਸਾ ਨਹੀਂ। ਇਸ ਲਈ ਗੁਰੂ ਦੇ ਵਿਚਾਰ ਨਾਲ ਸਾਂਝ ਨਹੀਂ ਰਖਦੇ।

– – ਮੈਂ ਤਾਂ ਸਿਰਫ਼ ਇਕ ਅਕਾਲ ਪੁਰਖ ਦੀ ਅਰਾਧਨਾ ਕਰਦਾ ਹਾਂ, ਸਿਮਰਣ ਕਰਦਾ ਹਾਂ, ਉਸ ਤੋਂ ਛੁਟ ਹੋਰ ਧਰਮ ਕਰਮ ਨਹੀਂ ਕਰਦਾ।੨।

ਕਿਸੇ ਥਾਂ ਵਿਸ਼ੇਸ਼ ਨੂੰ ਭਗਤ ਕਬੀਰ ਜੀ ਨੇ ਵੀ ਸਵੀਕਾਰ ਨਹੀਂ ਕੀਤਾ। ਪੰਡਤ ਮਗਹਰ ਨੂੰ ਨਰਕ ਦਾ ਦੁਆਰ ਅਤੇ ਕਾਸ਼ੀ ਨੂੰ ਮੁਕਤੀ ਦਾ ਦੁਆਰ ਮੰਨਦੇ ਸਨ ਪਰ ਭਗਤ ਜੀ ਉਸ ਵੀਚਾਰ ਦੇ ਹਾਮੀ ਨਹੀਂ – 'ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ...॥' ਭਗਤ ਜੀ ਇਕ ਦ੍ਰਿਸ਼ਟਾਂਤ ਦਿੰਦੇ ਹਨ ਕਿ ਇਕ ਵੇਰ ਮੈਂ **ਕਾਅਬਾ** ਦੀ **ਹਜ** ਕਰਣ ਚਲ ਪਿਆ। ਰਾਹ ਤੇ

ਮੈਨੂੰ ਖ਼ੁਦਾ ਮਿਲ ਪਿਆ। ਉਹ ਮਾਲਕ ਮੇਰੇ ਨਾਲ ਲੜ ਪਿਆ ਕਿ ਤੈਨੂੰ ਕਿਸਨੇ ਕਹਿ ਦਿਤਾ ਕਿ ਕਾਅਬਾ ਮੇਰੀ ਗਾਹ, ਭਾਵ, ਰਹਿਣ ਦੀ ਥਾਂ ਹੈ? - 'ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥ ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥' ਇਸ ਕਰਕੇ, ਉਨ੍ਹਾਂ ਨੇ ਸਪੱਸ਼ਟ ਕਰ ਦਿਤਾ ਕਿ ਮੇਰੀ **ਹਜ** ਤਾਂ ਇਹੀ ਗੋਮਤੀ ਦਾ ਕੰਢਾ ਹੈ, ਜਿਥੇ ਮੈਂ ਰਹਿੰਦਾ ਹਾਂ। ਮੇਰਾ ਪੀਤੰਬਰ ਪੀਰ ਇਥੇ ਹੀ ਵਸਦਾ ਹੈ, ਜੋ ਕਿੰਨੀ ਸੋਹਣੀ ਪ੍ਰਭੂ ਦੀ **ਵਾਹ ਵਾਹ..** ਰੂਪੀ ਸਿਫ਼ਤ ਸਲਾਹ ਗਾਉਂਦਾ ਹੈ। ਮੈਨੂੰ ਤਾਂ ਹਰੀ ਦਾ ਨਾਮ, ਸਿਮਰਣ ਹੀ ਭਾਉਂਦਾ ਹੈ- 'ਹਜ ਹਮਾਰੀ ਗੋਮਤੀ ਤੀਰ॥ ਜਹਾ ਬਸਹਿ ਪੀਤੰਬਰ ਪੀਰ॥ ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥' ਪਰਮਾਤਮਾ ਲਈ 'ਪੀਤੰਬਰ' ਲਫਜ਼, ਹਿੰਦੂ ਵਰਤਦੇ ਹਨ, ਜਿਸਦਾ ਅਰਥ ਹੈ, ਪੀਲੇ ਬਸਤਰਾਂ ਵਾਲੇ ਸ੍ਰੀ ਕ੍ਰਿਸ਼ਨ ਜੀ ਅਤੇ 'ਪੀਰ' ਲਫਜ਼, ਮੁਸਲਮਾਨ, ਇਕ ਧਾਰਮਕ ਆਗੂ Spiritual guide ਲਈ ਵਰਤਦੇ ਹਨ। ਭਗਤ ਜੀ ਨੇ ਦੋਨਾਂ ਦਾ ਸਾਂਝਾ ਸ਼ਬਦ ਆਪਣੇ ਪ੍ਰਭੂ/ਗੁਰੂ ਲਈ ਵਰਤਿਆ ਹੈ। ਉਨ੍ਹਾਂ ਲਈ ਤਾਂ ਇਕੋ ਇਕ ਨਾਮ ਦਾ ਹੀ ਮਾਰਗ ਹੈ।

ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥

-- ਹਿੰਦੂ ਬੁਤ **ਪੂਜਾ** ਕਰਦੇ ਹਨ ਅਤੇ ਮੁਸਲਮਾਨ, **ਸਲਾਤ** ਜਾਂ **ਨਮਾਜ਼** ਪੜ੍ਹਦੇ ਹਨ। ਮੈਂ ਇਹ ਦੋਵੇਂ ਕੰਮ ਨਹੀਂ ਕਰਦਾ। ਬੁਤ ਪੂਜਾ ਦੀ ਨਿਖੇਧੀ ਕਰਦਿਆਂ ਸ੍ਰੀ ਗੁਰੂ ਨਾਨਕ ਸਾਹਿਬ, ੫੫੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਹਿੰਦੂ ਤਾਂ ਮੂਲੋਂ ਹੀ ਭੁਲੇ ਹੋਏ ਹਨ, ਨਾਰਦ ਦਾ ਨਾਂ ਲੈਕੇ ਅੰਨ੍ਹਿਆਂ, ਗੂੰਗਿਆਂ ਵਾਂਗ ਪਥਰ ਪੂਜੀ ਜਾਂਦੇ ਹਨ, ਜੋ ਮੂਰਖਾਂ ਤੇ ਗਵਾਰਾਂ ਦਾ ਕੰਮ ਹੈ, ਉਹ ਪਥਰ ਜੋ ਆਪ ਹੀ ਡੁਬ ਜਾਂਦੇ ਹਨ, ਕਿਸੇ ਨੂੰ ਕਿਵੇਂ ਤਾਰ ਸਕਦੇ ਹਨ - 'ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥ ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥' ੧੧੬੦ ਪੰਨੇ ਤੇ, ਭਗਤ ਕਬੀਰ ਜੀ ਦੇ ਸ਼ਬਦਾਂ ਵਿਚ, ਸ੍ਰੀ ਗੁਰੂ ਅਰਜਨ ਸਾਹਿਬ, ਕਬੀਰ ਜੀ ਦਾ ਸਿਧਾਂਤ ਸਪੱਸ਼ਟ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਪਥਰ ਨੂੰ ਪੂਜਯ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਮਥੇ ਟੇਕਦੇ ਹਨ, ਉਨ੍ਹਾਂ ਦੀ ਘਾਲਣਾ ਵਿਅਰਥ, ਬਿਰਥਾ, ਅਜਾਈਂ ਜਾਂਦੀ ਹੈ - 'ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥ ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥' ਸੂਫ਼ੀ ਫ਼ਕੀਰ ਬੁਲ੍ਹੇ ਸ਼ਾਹ ਨੇ ਵੀ ਇਸਲਾਮਿਕ ਸ਼ਰ੍ਹਾ ਨੂੰ ਸਵੀਕਾਰ ਨਹੀਂ ਕੀਤਾ ਅਤੇ ਕਹਿ ਉਠਿਆ - '**ਭਠ ਨਮਾਜ਼ਾਂ ਚਿਕੜ ਰੋਜ਼ੇ ਕਲਮੇ ਤੇ ਫ਼ਿਰ ਗਈ ਸਿਆਹੀ। ਬੁਲ੍ਹੇ ਸ਼ਾਹ ਸ਼ਹੁ ਅੰਦਰੋਂ ਪਾਇਆ ਭੁਲੀ ਫ਼ਿਰੇ ਲੁਕਾਈ।**'

-- ਅਗਲੀ ਪੰਕਤੀ ਵਿਚ ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਮੈਂ ਤਾਂ ਇਕ ਆਕਾਰ ਰਹਿਤ ਪਰਮਾਤਮਾ ਦਾ ਮਨ ਵਿਚ ਧਿਆਨ ਧਰਦਾ, ਭਾਵ, ਸਿਮਰਣ ਕਰਦਾ ਅਤੇ ਉਸ ਨੂੰ ਨਮਸਕਾਰ ਕਰਦਾ ਹਾਂ। ਇਸ ਕੰਮ ਲਈ ਮੈਨੂੰ ਕਿਧਰੇ, ਹਜ ਜਾਂ ਤੀਰਥਾਂ, ਮੰਦਰਾਂ ਆਦਿ ਹੋਰ 'ਧਾਰਮਕ ਸਥੱਲਾਂ, ਸਥਾਨਾਂ' ਤੇ ਜਾਣ ਦੀ ਲੋੜ ਨਹੀਂ।੩।

ਵਾਹਗੁਰੂ ਤਾਂ ਘਰ ਬੈਠੇ ਹੀ, ਉਸ ਨੂੰ, ਧਿਆਉਣ ਨਾਲ ਹੀ ਮਿਲ ਪੈਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ, ਪੰਨਾ ੨੪੬ ਤੇ, ਫ਼ੁਰਮਾਣ ਕਰਦੇ ਹਨ ਕਿ ਕਿਧਰੇ ਦੂਰ ਜਾਣ ਦੀ ਲੋੜ ਨਹੀਂ, ਕਿਉਂਕਿ ਸਾਂਈਂ ਤਾਂ ਕੋਲ, ਘਰ ਹੀ, ਮੇਰੇ ਅੰਦਰ ਹੀ ਬਿਰਾਜਮਾਨ ਹੈ, ਘਰ ਬੈਠ ਕੇ, ਸਦਾ ਇਕ ਚਿਤ ਹੋ ਕੇ, ਸਦਾ ਪ੍ਰਭੂ ਦੇ ਪ੍ਰੇਮ ਵਿਚ ਥਿਰ ਹੋ ਕੇ, ਮਿਲ ਪੈਂਦਾ ਹੈ - 'ਮੰਞਹੁ ਦੂਰਿ ਨ ਜਾਹਿ

ਪਿਰਾ ਜੀਉ ਘਰਿ ਬੈਠਿਆ ਹਰਿ ਪਾਏ॥ ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ॥' ਸ੍ਰੀ ਗੁਰੂ ਨਾਨਕ ਸਾਹਿਬ ਹਿੰਦੂ ਮੁਸਲਮਾਨ, ਦੋਹਾਂ ਦੀਆਂ ਧਾਰਮਿਕ ਕੁਰੀਤੀਆਂ ਕਰਕੇ ਦੋਹਾਂ ਨੂੰ ਹੀ ਰਦ ਦਿੰਦੇ ਹਨ - 'ਹੋਰੁ ਫਕੜੁ ਹਿੰਦੂ ਮੁਸਲਮਾਣੈ॥', ਪੰਨਾ ੯੫੨. ਪੰਜਵੇਂ ਪਾਤਸ਼ਾਹ, ੬੨੧ ਪੰਨੇ ਤੇ, ਉਪਦੇਸ਼ ਕਰਦੇ ਹਨ ਕਿ ਘਰ ਬੈਠ ਕੇ ਹੀ, ਹਿਰਦੇ ਵਿਚ ਨਾਮ ਵਸਾਉਣਾ ਚਾਹੀਦਾ ਹੈ - 'ਹਿਰਦੈ ਨਾਮੁ ਵਸਾਇਹੁ॥ ਘਰਿ ਬੈਠੇ ਗੁਰੂ ਧਿਆਇਹੁ॥' ਭਗਤ ਰਾਮਾਨੰਦ ਜੀ ਦਾ ਵੀ ਗੁਰਬਾਣੀ ਵਿਚ ਵਾਕ ਹੈ ਕਿ ਤੀਰਥਾਂ ਤੇ ਤਾਂ ਹੀ ਜਾਈਏ ਜੇ ਉਹ ਕੋਲ ਨਾ ਵਸਦਾ ਹੋਵੇ, ਗੁਰੂ ਦਾ ਦਿਤਾ ਹੋਇਆ ਸ਼ਬਦ, ਮੰਤਰ (ਭਾਵ, ਵਾਹਿਗੁਰੂ) ਦਾ ਸਿਮਰਨ ਹੀ ਕ੍ਰੋੜਾਂ ਚੰਗੇ ਮੰਦੇ ਕਰਮਾਂ ਨੂੰ ਕਟ ਦਿੰਦਾ ਹੈ - 'ਉਹਾਂ ਤਉ ਜਾਈਐ ਜਉ ਈਹਾਂ ਨ ਹੋਇ॥..ਗੁਰ ਕਾ ਸਬਦੁ ਕਾਟੈ ਕੋਟਿ ਕਰਮ॥', ਅੰਕ ੧੧੯੫.

ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥

-- ਗੁਰੂ ਸਾਹਿਬ ਨੇ ਇਨ੍ਹਾਂ ਪੰਕਤੀਆਂ ਵਿਚ ਸਪੱਸ਼ਟ ਤੌਰ ਤੇ ਫ਼ੈਸਲਾ ਸੁਣਾਉਂਦੇ ਹੋਏ, ਬਚਨ ਕੀਤਾ ਹੈ ਕਿ '**ਅਸੀਂ ਨਾ ਹਿੰਦੂ ਹਾਂ ਨਾ ਮੁਸਲਮਾਨ।**' ਸਪਸ਼ਟ ਹੈ ਕਿ ਇਸੇ ਕਰ ਕੇ ਅਸੀਂ ਦੋਹਾਂ ਦੇ ਰੀਤੀ ਰਿਵਾਜ਼ਾਂ, ਧਾਰਮਕ ਕਰਮ, ਭਗਤੀ ਦੇ ਸਾਧਨਾਂ, ਤਿਉਹਾਰਾਂ ਆਦਿ ਨੂੰ ਸਵੀਕਾਰ ਨਹੀਂ ਕਰਦੇ। ਸਾਡਾ ਰਾਹ ਨਿਆਰਾ ਹੈ।

-- 'ਸਾਡਾ ਇਹ ਸਰੀਰ ਤੇ ਇਹ ਜਾਨ ਇਕ ਅਕਾਲ ਪੁਰਖ ਦੀ ਮਲਕੀਅਤ ਹਨ ਜਿਸ ਨੂੰ ਹਿੰਦੂ ਰਾਮ ਕਹਿੰਦੇ ਹਨ ਅਤੇ ਮੁਸਲਮਾਨ ਅੱਲ੍ਹਾ ਕਹਿੰਦੇ ਹਨ।'੪।

ਸਿਖਾਂ ਨੂੰ ਅਜ ਇਹ ਰੌਲਾ ਪਾਉਣ ਦੀ ਲੋੜ ਹੀ ਨਹੀਂ ਹੈ ਕਿ ਸਿਖ ਇਕ ਵਖਰੀ ਕੌਮ ਹਨ, ਜਾਂ ਵਖ ਧਰਮ ਹਨ। ਇਹ ਫ਼ੈਸਲਾ ਤਾਂ ਗੁਰੂ ਸਾਹਿਬ ਨੇ ਉਦੋਂ ਹੀ ਕਰ ਦਿਤਾ ਸੀ। ਜੰਗ ਦੇ ਮੈਦਾਨ ਵਿਚ ਉਹੀ ਫ਼ੌਜਾਂ ਜੰਗ ਜਿਤਦੀਆਂ ਹਨ ਜੋ offensive, ਚੜ੍ਹਦੀ ਕਲਾ ਵਿਚ ਲੜਾਈ ਲੜਦੀਆਂ ਹਨ। ਸਦਾ ਹੀ defensive ਤੇ ਰਹਿਣ ਵਾਲੀਆਂ ਫੌਜਾਂ, ਜੰਗ ਨਹੀਂ ਜਿਤ ਸਕਦੀਆਂ। ਸਾਡੀ ਕੌਮ ਨੂੰ ਵੀ ਚੜ੍ਹਦੀ ਕਲ੍ਹਾ ਵਿਚ ਰਹਿਣ ਦੀ ਲੋੜ ਹੈ। ਲੋੜ ਹੈ ਤਾਂ ਬਸ ਇਕੋ, ਕਿ ਬਿਪਰਨ ਕੀ ਰੀਤ ਦਾ ਤਿਆਗ ਕਰੀਏ ਅਤੇ ਸਿਰਫ਼ ਵਾਹਗੁਰੂ ਦੇ ਨਾਮ ਦਾ ਸਹਾਰਾ ਲਈਏ, ਜਿਵੇਂ, ਸੁਲਹੀ ਖ਼ਾਨ ਦੇ ਚੜ੍ਹ ਆਉਣ ਤੇ, ਬਾਕੀ ਸਲਾਹਾਂ ਛਡ ਕੇ, ਮਹਾਰਾਜ ਨੇ ਪ੍ਰਭੂ ਨੂੰ ਯਾਦ ਕੀਤਾ ਤੇ ਸੁਲਹੀ ਸੜ ਮਰਿਆ - 'ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥' ਅਜ ਅਸੀਂ ਸਿਮਰਣ ਨੂੰ ਭੁਲਾ ਕੇ ਅਨੇਕ ਤਰ੍ਹਾਂ ਦੀ '**ਬਿਪਰਨ ਕੀ ਰੀਤ**' ਵਿਚ ਪਏ ਹਾਂ। ਸਾਨੂੰ '**ਪੁਰੋਹਿਤ**' ਵਰਗ ਨੇ ਘੇਰ ਲਿਆ ਹੈ। ਗੁਰੂ ਪਾਤਸ਼ਾਹ ਨੇ ਪੁਰੋਹਿਤ ਵਰਗ ਤੋਂ ਸਾਡਾ ਖਹਿੜਾ ਛਡਾਇਆ ਸੀ, ਅਜ ਸਿਖਾਂ ਦਾ ਵੀ ਆਪਣਾ ਹੀ ਪੁਰੋਹਿਤ ਵਰਗ ਬਣ ਗਿਆ ਸੀ। ਮਾਰਟਿਨ ਲੂਥਰ ਨੇ, ੧੫੧੭ ਵਿਚ, ਪ੍ਰੋਟੈਸਟੈਂਟ ਮੂਵਮੈਂਟ ਚਲਾ ਕੇ, ਈਸਾਈਅਤ ਦਾ '**ਪੁਰੋਹਿਤ**' ਵਰਗ ਤੋਂ ਖਹਿੜਾ ਛੁਡਾਇਆ ਸੀ। ਸਾਨੂੰ ਵੀ ਅਜਿਹੀ ਹੀ ਲੋੜ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਬਾਬਾ ਖੜਕ ਸਿੰਘ ਨੂੰ, ਅੰਗ੍ਰੇਜ਼ਾਂ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਸੌਂਪੀਆਂ ਸਨ, ਤਾਂ ਬਾਬਾ ਖੜਕ ਸਿੰਘ ਜੀ ਨੇ ਚਾਬੀਆਂ, ਜਥੇਦਾਰ ਨੂੰ ਦੇਣ ਲਗਿਆਂ ਬਚਨ ਕੀਤੇ ਸਨ ਕਿ ਜੇ ਤੁਸੀਂ ਮਹੰਤਾਂ, ਪੁਜਾਰੀਆਂ ਦੇ ਰਾਹ ਚਲ ਪਏ ਤਾਂ ਸਾਨੂੰ, ਤੁਹਾਡੇ ਤੋਂ ਚਾਬੀਆਂ ਲੈਣ ਲਈ ਹੋਰ ਵਡੀਆਂ ਕੁਰਬਾਨੀਆਂ ਕਰਨੀਆਂ ਪੈਣਗੀਆਂ। ਅਜ ਇਹ ਬਚਨ ਸਚ ਸਾਬਤ ਹੋ ਚੁਕੇ ਹਨ।

ਅਜ ਸਾਨੂੰ ਭਗਤ ਕਬੀਰ ਜੀ ਦੀਆਂ ਇਨ੍ਹਾਂ ਪੰਕਤੀਆਂ ਤੇ ਪਹਿਰਾ ਦੇਣ ਦੀ ਲੋੜ ਹੈ – 'ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥..ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥' ਅਜਿਹਾ ਕਰਣ ਨਾਲ, ਇਹ ਸਾਬਤ ਕਰਨ ਦੀ ਲੋੜ ਨਹੀਂ ਰਹੇਗੀ ਕਿ ਅਸੀਂ ਹਿੰਦੂ ਨਹੀਂ।

**ਕਹੁ ਕਬੀਰ ਇਹੁ ਕੀਆ ਵਖਾਨਾ॥**
**ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੩॥**

– – ਸ੍ਰੀ ਗੁਰੂ ਅਰਜਨ ਸਾਹਿਬ ਜੀ ਫੁਰਮਾਣ ਕਰਦੇ ਹਨ ਕਿ ਭਗਤ ਕਬੀਰ ਜੀ ਦੇ ਵੀ ਇਹੀ ਉਪਰੋਕਤ ਵੀਚਾਰ ਸਨ ਜੋ ਉਨ੍ਹਾਂ ਨੇ ਆਪਣੀ ਬਾਣੀ ਵਿਚ ਵਖਾਣ ਕੀਤੇ ਹਨ।

– – ਗੁਰੂ ਸਾਹਿਬ ਅਨੁਸਾਰ ਗੁਰੂ ਜਾਂ ਮੁਰਸ਼ਦ ਜਾਂ ਮਹਾਪੁਰਖ ਦੀ ਸੰਗਤ ਕਰਦਿਆਂ, ਬੰਦਗੀ ਰਾਹੀਂ, ਆਪਣੇ ਖ਼ੁਦ ਦੇ ਅੰਦਰ ਹੀ, ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਜੋ ਭਗਤ ਕਬੀਰ ਜੀ ਨੇ ਖ਼ੁਦ ਵੀ ਕੀਤੀ ਹੈ।੫।੩।

ਭਗਤ ਕਬੀਰ ਜੀ ਨੇ ਉਸ ਵਕਤ ਦੇ ਦੋਨੋ ਪ੍ਰਚੱਲਤ ਧਰਮਾਂ – ਹਿੰਦੂ ਤੇ ਇਸਲਾਮ ਮੱਤ ਦੇ ਉਪਰੋਕਤ ਤੇ ਹੋਰ ਕਰਮ ਕਾਂਡ ਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਨਹੀਂ ਮੰਨਿਆ। ਅਜਿਹਾ ਉਹ ਹਿੰਦੂ ਮੁਸਲਮਾਨ ਦੋਹਾਂ ਨੂੰ ਸਮਝਾਉਂਦੇ ਹਨ ਕਿ ਅਸਲ ਪ੍ਰਾਪਤੀ ਤਾਂ ਨਾਮ ਜਪ ਕੇ ਹੀ ਹੋਣੀ ਹੈ – 'ਕਹਤ ਕਬੀਰ ਰਾਮ ਗੁਨ ਗਾਵਉ॥ ਹਿੰਦੂ ਤੁਰਕ ਦੋਊ ਸਮਝਾਵਉ॥'

ਭਗਤ ਜੀ ਹੋਰ ਬਚਨ ਕਰਦੇ ਹਨ ਕਿ ਹਿੰਦੂ ਬੁਤ ਪੂਜਦੇ ਪੂਜਦੇ ਮਰ ਗਏ ਤੇ ਮੁਸਲਮਾਨ ਮਸੀਤ ਵਿਚ ਸਿਰ ਨਿਵਾਉਂਦੇ ਨਿਵਾਉਂਦੇ, ਇਕ ਮਰੇ ਨੂੰ ਜਲਾ ਦਿੰਦਾ ਹੈ ਤੇ ਸੋਚਦਾ ਹੈ ਕਿ ਸਵਰਗ ਨੂੰ ਗਿਆ ਤੇ ਦੂਜਾ ਦਫ਼ਨਾ ਕੇ ਅਜਿਹਾ ਸੋਚਦਾ ਹੈ, ਪਰਮਾਤਮਾ ਦੀ ਗਤੀ ਦੋਹਾਂ ਨੇ ਨਹੀਂ ਪ੍ਰਾਪਤ ਕੀਤੀ – 'ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥' ਭਗਤ ਜੀ, ੧੩੪੯ ਪੰਨੇ ਤੇ, ਹੋਰ ਫ਼ੁਰਮਾਣ ਕਰਦੇ ਹਨ ਕਿ ਇਸਲਾਮ ਦੀ ਇਹ ਗਲ ਮੰਨ ਲਈਏ ਕਿ ਅਲ੍ਹਾ ਸਿਰਫ਼ ਮਸੀਤ ਵਿਚ ਹੀ ਵਸਦਾ ਹੈ ਤਾਂ ਬਾਕੀ ਥਾਵਾਂ ਕਿਸ ਦੀਆਂ ਹਨ। ਦੂਜੇ ਪਾਸੇ ਹਿੰਦੂ ਉਸ ਸ਼ਕਤੀ ਨੂੰ ਮੂਰਤੀ ਵਿਚ ਵੇਖਦਾ ਹੈ। ਦੋਹਾਂ ਮੱਤਾਂ ਵਿਚ ਸਚਾਈ ਨਹੀਂ – 'ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥'

ਅਜਿਹਾ ਸਾਰੇ ਭਗਤਾਂ ਨੇ ਕੀਤਾ ਹੈ। ਭਗਤ ਨਾਮਦੇਵ ਜੀ ਵੀ ਮੰਦਰ/ਮਸਜਿਦ ਵਿਚਲੀ ਪੂਜਾ ਦੀ ਥਾਂ ਅਕਾਲ ਪੁਰਖ ਦਾ ਸਿਮਰਨ ਕਰਣ ਦਾ ਉਪਦੇਸ਼ ਦਿੰਦੇ ਹਨ। ਹਿੰਦੂ ਅਤੇ ਮੁਸਲਮਾਨ, ਦੋਹਾਂ ਦੀਆਂ ਗ਼ਲਤ ਧਾਰਨਾਵਾਂ ਕਰਕੇ ਦੋਹਾਂ ਨੂੰ ਹੀ ਰਦ ਕਰ ਦਿਤਾ ਅਤੇ ਨਿਝੱਕ ਹੋ ਕੇ ਹਿੰਦੂ ਨੂੰ ਅੰਨ੍ਹਾਂ ਅਤੇ ਮੁਸਲਮਾਨ ਨੂੰ ਕਾਣਾ ਕਹ ਦਿਤਾ – 'ਹਿੰਦੂ ਅੰਨ੍ਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥', ਅੰਕ ੮੭੫. ਹਿੰਦੂ ਪਰਮਾਤਮਾ ਨੂੰ ਮੰਦਰ ਵਿਚ ਲਭਦਾ ਫ਼ਿਰਦਾ ਹੈ ਅਤੇ ਮੁਸਲਮਾਣ ਮਸੀਤ ਵਿਚ, ਪਰ ਨਾਮਦੇਵ ਜੀ ਨੇ ਤਾਂ ਉਸ ਪ੍ਰਭੂ ਨੂੰ ਸਿਮਰਿਆ ਹੈ ਜੋ ਨਾ ਮੰਦਰ ਵਿਚ ਹੈ ਨਾ ਮਸੀਤ ਵਿਚ। ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਵੀ ਬੜੇ ਕਰੜੇ ਸ਼ਬਦਾਂ ਵਿਚ ਉਸ ਵਕਤ ਦੇ ਪ੍ਰਚਲਤ ਦੋਹਾਂ ਧਰਮਾਂ ਵਿਚ ਚਲ ਰਹੇ ਗਲਤ ਰੀਤੀ ਰਿਵਾਜ਼ਾਂ, ਕਰਮ ਕਾਂਡ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜੇ ਅਲ੍ਹਾ ਜਾਂ ਪਰਮਾਤਮਾ ਸਿਰਫ਼ ਮਸੀਤੇ ਜਾਂ ਮੂਰਤੀ ਜਾਂ ਦਖਣ ਦੇਸ ਜਾਂ ਪਛਮ ਵਿਚ ਹੀ ਵਸਦਾ ਹੈ ਤਾਂ ਬਾਕੀ ਸਭ ਪਾਸੇ ਕੌਣ ਹੈ ! ਕੀ ਫ਼ਾਇਦਾ ਜਗਨਨਾਥ ਪਰੀ ਆਦਿ ਤੀਰਥ ਗਮਨ ਜਾਂ ਮਸੀਤ ਆਦਿ ਧਰਮ ਅਸਥਾਨਾਂ ਤੇ ਮਥੇ ਟੇਕਣ ਅਤੇ ਕਾਅਬੇ ਦੀ ਹਜ ਦਾ, ਜੇ ਦਿਲ ਵਿਚ ਕਪਟ ਹੈ ਤਾਂ। ਉਸਦਾ ਤਾਂ ਹਿਰਦੇ ਵਿਚ ਨਿਵਾਸ ਹੈ,

ਉਸ ਨੂੰ ਉਥੇ ਹੀ ਲਭਣਾ ਬਣਦਾ ਹੈ ਅਤੇ ਉਹ ਢੰਗ ਹੈ ਨਾਮ ਜਪਣ ਦਾ, ਸਿਮਰਨ ਕਰਨ ਦਾ – 'ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥..ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥ ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥..ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥..ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥', ਅੰਕ ੧੩੪੯.

ਗੁਰਬਾਣੀ ਵਿਚ ਥਾਂ ਥਾਂ ਤੇ ਹਿੰਦੂ ਅਤੇ ਇਸਲਾਮ, ਦੋਹਾਂ ਮਤਾਂ ਦੇ ਕਰਮ ਕਾਡਾਂ ਦੀ ਨਿਖੇਧੀ ਕੀਤੀ ਮਿਲਦੀ ਹੈ, ਜਿਵੇਂ – 'ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥...', ਪੰਨਾ ੪੭੭. ਕਾਹਦਾ ਨਰਕ ਤੇ ਕੀ ਵਿਚਾਰਾ ਸੁਰਗ, ਭਗਤੀ ਕਰਨ ਵਾਲੇ ਸੰਤ ਤਾਂ ਦੋਹਾਂ ਨੂੰ ਰੱਦ ਕਰਦੇ ਹਨ। ਆਪਣੇ ਗੁਰੂ ਦੀ ਕ੍ਰਿਪਾ ਨਾਲ ਦੋਹਾਂ ਦੀ ਮੁਥਾਜਗੀ ਖਤਮ ਹੋ ਜਾਂਦੀ ਹੈ – 'ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥ ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥', ਪੰਨਾ ੯੬੯. ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਮੈਂ ਤਾਂ ਸਿਰਫ਼ ਰਾਮ, ਪ੍ਰਭੂ ਦਾ ਨਾਮ ਹੀ ਜਪਦਾ ਹਾਂ ਅਤੇ ਇਹੀ ਕਰਨ ਲਈ ਹਿੰਦੂ ਅਤੇ ਮੁਸਲਮਾਨ, ਦੋਹਾਂ ਨੂੰ ਸਮਝਾਉਂਦਾ ਹਾਂ – 'ਕਹਤ ਕਬੀਰ ਰਾਮ ਗੁਨ ਗਾਵਉ॥ ਹਿੰਦੂ ਤੁਰਕ ਦੋਊ ਸਮਝਾਵਉ॥', ਪੰਨਾ ੪੭੯. ਕਿਉਂਕਿ ਭਗਤ ਨਾਮਦੇਵ ਜੀ ਅਨੁਸਾਰ ਤਾਂ ਅਸਲ ਧਰਮ ਹੈ ਹੀ ਨਾਮ ਜਪਣਾ – '**ਹਰਿ ਕੋ ਨਾਮੁ ਲੈ ਊਤਮ ਧਰਮਾ॥**', ਪੰਨਾ ੮੭੪. ਹਿੰਦੂ ਬੁਤਾਂ ਨੂੰ ਪੂਜ ਪੂਜ ਖੱਪੀ ਜਾਂਦੇ ਹਨ, ਮੁਸਲਮਾਨ ਸਿਰ ਨਿਵਾ ਨਿਵਾ ਨਮਾਜ਼ ਪੜ ਪੜ ਮਰੀ ਖੱਪੀ ਜਾਂਦੇ ਹਨ ; ਹਿੰਦੂ ਆਪਣਿਆਂ ਵਿਚ ਮੁਰਦੇ ਨੂੰ ਜਲਾਈ ਜਾਂਦੇ ਹਨ ਅਤੇ ਮੁਸਲਮਾਨ ਦਫ਼ਨਾਈ ਜਾਂਦੇ ਹਨ ਪਰ ਹੇ ਪ੍ਰਭੂ ! ਤੇਰੀ ਗਤੀ ਦੋਹਾਂ ਵਿਚੋਂ ਕਿਸੇ ਨੇ ਨਹੀਂ ਪਾਈ – 'ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥', ਪੰਨਾ ੬੫੪.

ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਕੋਈ ਆਪਣੇ ਆਪ ਨੂੰ ਹਿੰਦੂ ਕਹਿੰਦਾ ਹੈ ਕੋਈ ਮੁਸਲਮਾਣ। ਕੋਈ ਬਹਿਸ਼ਤ ਮੰਗਦਾ ਹੈ ਕੋਈ ਇੰਦਰ ਦੇਵਤੇ ਦੇ ਸਵਰਗ ਨੂੰ ਲੋਚਦਾ ਹੈ ਪਰ ਜਿਸ ਨੇ ਰੱਬੀ ਹੁਕਮ ਪਛਾਣਿਆ ਹੈ ਉਸਨੇ ਪ੍ਰਭੂ ਨੂੰ ਜਾਣਿਆ ਹੈ – 'ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥', ਅੰਕ ੮੮੫. ਹੋਰ ਅਨੇਕ ਪ੍ਰਮਾਣ ਹਨ।

ਇਨ੍ਹਾਂ ਵਿਚੋਂ ਬਹੁਤ ਸਾਰੇ ਗਲਤ ਢੰਗ, ਰੀਤੀ ਰਿਵਾਜ਼, ਪਖੰਡ ਸਿਖਾਂ ਵਿਚ ਵੀ ਪ੍ਰਚਲਿਤ ਹੋ ਚੁਕੇ ਹਨ, ਜਿਨ੍ਹਾਂ ਨੂੰ ਕਢ ਕੇ ਬਾਹਰ ਸੁਟਣ ਦੀ ਲੋੜ ਹੈ। ਦੋਹਾਂ ਤੋਂ ਨਿਆਰਾ ਹੋ ਕੇ ਗੁਰੂ ਦੀ ਖ਼ੁਸ਼ੀ ਪ੍ਰਾਪਤ ਹੋ ਸਕਦੀ ਹੈ।

